ਵੱਖ-ਵੱਖ ਸਰੂਪਾਂ ਵਿੱਚ ਸਜੇ ਕਲਾਕਾਰਾਂ ਵੱਲੋਂ ਢੋਲ ਨਾਲ ਵਿਸਾਲ ਜਲੂਸ ਕੱਢਿਆ ਗਿਆ

ਆਜ਼ਾਦ ਸੋਚ, ਅਸ਼ਵਨੀ ਭਗਤ, ਪਠਾਨਕੋਟ, 11 ਨਵੰਬਰ :

ਨਿਊ ਯੰਗ ਕਲੱਬ ਸਰਨਾ ਵੱਲੋਂ ਕਰਵਾਏ ਜਾ ਰਹੇ 29ਵੇਂ ਸਲਾਨਾ ਜਾਗ੍ਰਿਤੀ ਅਤੇ ਮੇਲੇ ਦੇ ਸਬੰਧ ਵਿੱਚ ਅੱਜ ਪ੍ਰਧਾਨ ਵਰੁਣ ਮਹਾਜਨ, ਸੀਨੀਅਰ ਮੀਤ ਪ੍ਰਧਾਨ ਬਲਜੀਤ ਮਹਾਜਨ ਅਤੇ ਮੁੱਖ ਸਲਾਹਕਾਰ ਰੋਹਿਤ ਸਰਨਾ ਦੀ ਪ੍ਰਧਾਨਗੀ ਹੇਠ ਜਾਗਰਣ ਤੋਂ ਮਾਤਾ ਜਵਾਲਾ ਜੀ ਤੋਂ ਲਿਆਂਦੀ ਪਵਿੱਤਰ ਜਲੌਅ ਤੋਂ ਇਲਾਵਾ ਸ. ਸਥਲ ਸਰਨਾ।ਵੈਸਨੋ, ਭਗਵਾਨ ਭੋਲੇਨਾਥ, ਵੀਰ ਹਨੂੰਮਾਨ, ਮਾਂ ਲਕਸਮੀ, ਰਾਧਾ ਕ੍ਰਿਸਨ ਸਮੇਤ ਵੱਖ-ਵੱਖ ਸਰੂਪਾਂ ਵਿੱਚ ਸਜੇ ਕਲਾਕਾਰਾਂ ਨੇ ਫਲੋਟ ਅਤੇ ਢੋਲ ਨਾਲ ਵਿਸਾਲ ਜਲੂਸ ਕੱਢਿਆ। ਇਸ ਮੌਕੇ ਜੋਤੀ ਪੂਜਨ ਦੀ ਪਹਿਲੀ ਰਸਮ ਲਾਇਨ ਸਤੀਸ ਮਹਿੰਦਰੂ, ਅੰਕੁਰ ਖੋਸਲਾ, ਕੰਜਕ ਪੂਜਨ ਤਹਿਸੀਲਦਾਰ ਲਕਸਮਣ ਸਿੰਘ, ਐਸ.ਐਸ.ਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਕੀਤੀ, ਜਦਕਿ ਸੋਭਾ ਯਾਤਰਾ ਦਾ ਉਦਘਾਟਨ ਸਾਬਕਾ ਮੇਅਰ ਅਨਿਲ ਵਾਸ਼ੂਦੇਵਾ, ਡੀ.ਐਸ.ਪੀ ਸਿਟੀ ਲਖਵਿੰਦਰ ਸਿੰਘ ਰੰਧਾਵਾ ਨੇ ਕੀਤਾ। ਰਿਬਨ ਕੱਟਿਆ। ਇਸ ਮੌਕੇ ਸੋਭਾ ਯਾਤਰਾ ਜਾਗਰਣ ਸਥਲ ਤੋਂ ਸ਼ੁਰੂ ਹੋ ਕੇ ਵੱਖ-ਵੱਖ ਰਸਤਿਆਂ ਅਤੇ ਮੁਹੱਲਿਆਂ ਵਿੱਚੋਂ ਦੀ ਹੁੰਦੀ ਹੋਈ ਮੁੜ ਜਾਗਰਣ ਸਥਲ ਵਿਖੇ ਸਮਾਪਤ ਹੋਈ। ਇਸ ਮੌਕੇ ਸਰਨਾ ਅਤੇ ਆਸ-ਪਾਸ ਦੇ ਵਸਨੀਕਾਂ ਨੇ ਫੁੱਲਾਂ ਦੀ ਵਰਖਾ ਕਰਕੇ

ਸੋਭਾ ਯਾਤਰਾ ਦਾ ਵਿਸਾਲ ਜਲੂਸ ਕੱਢਿਆ। ਇਸ ਦੇ ਨਾਲ ਹੀ ਸੋਭਾ ਯਾਤਰਾ 'ਚ ਵੱਖ-ਵੱਖ ਕਲਾਕਾਰਾਂ ਵੱਲੋਂ ਸੁਰੀਲੇ ਭਜਨਾਂ 'ਤੇ ਡਾਂਸ ਪੇਸ ਕਰਕੇ ਲੋਕਾਂ ਨੂੰ ਨਿਹਾਲ ਕੀਤਾ ਗਿਆ . ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਬਲਜੀਤ ਮਹਾਜਨ ਅਤੇ ਮੁੱਖ ਸਲਾਹਕਾਰ ਰੋਹਿਤ ਸਰਨਾ ਨੇ ਦੱਸਿਆ ਕਿ ਕਲੱਬ ਵੱਲੋਂ 29ਵਾਂ ਜਗਰਾਤਾ ਅਤੇ ਮਹਾਂਮਾਈ ਦਾ ਮੇਲਾ 12 ਨਵੰਬਰ ਨੂੰ ਬੜੀ ਧੂਮਧਾਮ ਨਾਲ ਕਰਵਾਇਆ ਜਾਵੇਗਾ। ਜਿਸ ਵਿੱਚ ਭਾਜਪਾ ਦੇ ਸੂਬਾ ਪ੍ਰਧਾਨ ਅਸਵਨੀ ਸਰਮਾ, ਸੁਜਾਨਪੁਰ ਦੇ ਵਿਧਾਇਕ ਨਰੇਸ ਪੁਰੀ, ਸਾਬਕਾ ਵਿਧਾਇਕ ਜੋਗਿੰਦਰ ਪਾਲ, ਜਿ?ਲ੍ਹਾ ਪੁਲਿਸ ਮੁਖੀ ਹਰਕਮਲਪ੍ਰੀਤ ਸਿੰਘ ਖੱਖ, ਯੂਥ ਕਾਂਗਰਸ ਪੰਜਾਬ ਦੇ ਪ੍ਰਧਾਨ ਵਰਿੰਦਰ ਸਿੰਘ ਢਿੱਲੋਂ, ਪੰਜਾਬ ਸੈਰ ਸਪਾਟਾ ਵਿਕਾਸ ਨਿਗਮ ਦੀ ਚੇਅਰਮੈਨ ਵਿਭੂਤੀ ਸਰਮਾ, ਮੇਅਰ ਪੰਨਾ ਲਾਲ ਭਾਟੀਆ ਪਹੁੰਚਣਗੇ ਅਤੇ ਜਾਗਰਤ ਕਰਨਗੇ। ਜਦੋਂ ਕਿ ਜਗਰਾਤੇ ਵਿੱਚ ਜੋਤੀ ਪੂਜਨ ਦੀ ਰਸਮ ਲਾਇਨ ਇੰਜਨੀਅਰ ਐਸ.ਕੇ.ਪੁੰਜ, ਸ੍ਰੀ ਸਾਈਂ ਗਰੁੱਪ ਦੀ ਐਮਡੀ ਸ੍ਰੀਮਤੀ ਤ੍ਰਿਪਤਾ ਪੁੰਜ, ਸੀਐਮਡੀ ਕੰਵਰ ਤੁਸਾਰ ਪੁੰਜ ਕਰਨਗੇ। ਉਨ੍ਹਾਂ ਦੱਸਿਆ ਕਿ ਜਾਗਰਣ ਵਿੱਚ ਅੰਤਰਰਾਸਟਰੀ ਗਾਇਕ ਕਮਲ ਖਾਨ, ਜੋਨੀ ਸੂਫੀ, ਹਨੀ ਸਰਮਾ ਐਂਡ ਪਾਰਟੀ ਵੱਲੋਂ ਮਹਾਂਮਾਈ ਦੇ ਭਜਨ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਇਸ ਮੌਕੇ ਮੁੱਖ ਸਲਾਹਕਾਰ ਰੋਹਿਤ ਸਰਨਾ, ਜਨਰਲ ਸਕੱਤਰ ਐਸ.ਕੁਮਾਰ ਹੈਪੀ, ਖਜਾਨਚੀ ਅਰੁਣ ਮਹਾਜਨ, ਕੁਨਾਲ ਮਹਾਜਨ, ਸਚਿਨ ਮਹਾਜਨ, ਕੁਲਦੀਪ ਮਨੋਹਰ, ਵਿਜੇ ਸੈਣੀ, ਪ੍ਰਵੇਸ਼, ਵਿਸਾਲ ਮਹਾਜਨ, ਨਵੀਨ ਮਹਾਜਨ, ਰਵੀ ਮਹਾਜਨ, ਦਿਵਾਕਰ, ਸੰਜੀਵ ਕੁਮਾਰ ਗੋਲਡੀ, ਮੁਕੇਸ ਮਹਾਜਨ, ਮੋਨੂੰ, ਰੰਮੀ ਆਦਿ ਹਾਜਰ ਸਨ।

ਵਿਦਿਆਰਥੀਆਂ ਦੇ ਅੰਗਰੇਜ਼ੀ ਵਿਸ਼ੇ ਦੇ ਕਵਿਤਾ ਉਚਾਰਨ ਮੁਕਾਬਲੇ ਕਰਵਾਏ ਗਏ

ਆਜ਼ਾਦ ਸੋਚ, ਬਹਾਦਰ ਸਿੰਘ ਵੜੈਚ, ਅਨਮੋਲਪ੍ਰੀਤ ਸਿੰਘ, ਖਨੌਰੀ, 11 ਨਵੰਬਰ :

ਬਲਾਕ ਮੂਨਕ ਦੇ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਸਕੀਮ ਤਹਿਤ 10+1ਅਤੇ 10+2 ਕਲਾਸਾਂ ਦੇ ਵਿਦਿਆਰਥੀਆਂ ਦੇ ਅੰਗਰੇਜ਼ੀ ਵਿਸ਼ੇ ਦੇ ਕਵਿਤਾ ਉਚਾਰਨ ਮੁਕਾਬਲੇ ਸ. ਸ. ਸ. ਸ. ਡੂਡੀਆਂ ਵਿਖੇ ਕਰਵਾਏ ਗਏ .ਇਸ ਵਿੱਚ 13 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ .ਜਿਸ ਵਿੱਚੋਂ ਅੰਕਿਤ ਕੁਮਾਰ (ਸ. ਸ. ਸ. ਸ. ਅਨਦਾਨਾ) ਨੇ ਬਲਾਕ ਵਿੱਚੋਂ ਦੂਜਾ ਸਥਾਨ ਹਾਸਿਲ ਕੀਤਾ .ਇਸ ਮੌਕੇ ਡੀ. ਆਰ. ਪੀ. ਸ. ਗੁਰਚਰਨ ਸਿੰਘ, ਜੱਜ ਸ਼੍ਰੀਮਤੀ ਨੀਲਮ ਦੇਵੀ (ਲੈਕਚਰਾਰ), ਸ਼੍ਰੀ ਸੀਤਾ ਰਾਮ (ਗਾਈਡ ਟੀਚਰ, ਲੈਕਚਰਾਰ) ਸ਼ਾਮਿਲ ਸਨ .ਇਸ ਮੌਕੇ ਸ਼੍ਰੀ ਸੀਤਾ ਰਾਮ (ਸਕੂਲ ਮੁਖੀ) ਸ਼੍ਰੀ ਮਤੀ ਸਰੋਜ, ਸ਼੍ਰੀਮਤੀ ਜਗਦੀਪ ਕੌਰ, ਮਿਸ ਮਨਦੀਪ ਕੌਰ,ਮਿਸ ਸ਼ਾਲੂ, ਮਿਸ ਮਨਪ੍ਰੀਤ ਕੌਰ, ਮਿਸ ਮਨਪ੍ਰੀਤ ਕੌਰ (ਮਾਨਸਾ),ਸ਼੍ਰੀ ਪਵਿੱਤਰ ਦੇਵ ਸ਼ਰਮਾ, ਸ਼੍ਰੀ ਪ੍ਰਦੀਪ ਕੁਮਾਰ, ਮੈਡਮ ਗੀਤੂ ਰਾਣੀ, ਮੈਡਮ ਗੀਤੂ, ਸ਼੍ਰੀਮਤੀ ਸੰਜੇ ਦੇਵੀ,ਸ਼੍ਰੀ ਮਤੀ ਸੁਨੀਤਾ ਦੇਵੀ, ਸ਼੍ਰੀਮਤੀ ਪਰਮਿੰਦਰ ਕੌਰ, ਸ਼੍ਰੀਮਤੀ ਵਰਿੰਦਰ ਕੌਰ, ਸ਼੍ਰੀਮਤੀ ਲਲਿਤਾ ਦੇਵੀ, ਮਿਸ ਕੋਮਲ, ਸ਼੍ਰੀ ਮਨਦੀਪ ਸਿੰਘ, ਸ਼੍ਰੀ ਕੁਲਦੀਪ ਸਿੰਘ, ਸ਼੍ਰੀ ਮਲਕੀਤ ਸਿੰਘ,ਰਾਜੇਸ਼ ਕੁਮਾਰ ਤੇ ਰਵੀ ਕੁਮਾਰ ਨੇ ਬੱਚੇ ਨੂੰ ਵਧਾਈ ਦਿੱਤੀ ।

ਕ੍ਰਿਕਟ ਮੈਚ ਤੋਂ ਪਹਿਲਾਂ ਭਾਰਤ ਦੀ ਜਿੱਤ ਦੀ ਭਵਿੱਖਬਾਣੀ ਕਰਨ ਵਾਲੇ ਜੋਤਸੀਆਂ 'ਤੇ ਪੁਲਿਸ ਕਾਰਵਾਈ ਦੀ ਮੰਗ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 11 ਨਵੰਬਰ :

ਪਿਛਲੇ ਦਿਨੀ ਟੀ 20 ਵਿਸਵ ਕੱਪ ਦੇ ਦੂਜੇ ਸੈਮੀਫਾਇਨਲ ਤੋਂ ਪਹਿਲਾ ਕੁਝ ਜੋਤਸੀਆਂ ਵੱਲੋਂ ਭਾਰਤ ਦੇ ਜਿੱਤ ਦੀ ਭਵਿੱਖਬਾਣੀ ਆਪਣੀ ਜੋਤਸੀ ਵਿੱਦਿਆ ਰਾਹੀ ਲਗਾਤਾਰ ਕੀਤੀ ਜਾ ਰਹੀ ਸੀ ਜਦੋਂ ਕਿ ਇੰਗਲੈਂਡ ਤੋਂ ਭਾਰਤ ਬੁਰੀ ਤਰ੍ਹਾਂ ਨਾਲ 10 ਵਿਕਟਾਂ ਨਾਲ ਹਾਰ ਗਿਆ ਤੇ ਇੰਡੀਆ ਜਿੱਤ ਵੀ ਸਕਦਾ ਸੀ ਅਜਿਹੇ ਵਿੱਚ ਇਹਨਾਂ ਜੋਤਸੀਆਂ ਦੀ ਵਿੱਦਿਆ ਦਾ ਡੰਕਾ ਵੱਜਣਾ ਸੀ।ਇੰਨ੍ਹੇ ਜੋਤਸੀਆਂ ਦੀ ਵਿੱਦਿਆ ਵਿਚ ਭਾਰਤ ਦੇ ਹਾਰਨ ਵਾਲੀ ਇਕ ਵੀ ਭਵਿੱਖਬਾਣੀ ਨਹੀ ਆਈ ਇਸ ਲਈ ਲੋਕਾਂ ਨੂੰ ਮੂਰਖ ਬਣਾਉਣ ਅਤੇ ਬਾਲ ਮਨਾਂ ਨਾਲ ਖਿਲਵਾੜ ਕਰਨ ਤੇ ਜੋਤਿਸੀਆਂ ਤੇ ਕਾਨੂੰਨੀ ਕਾਰਵਾਈ ਦੀ ਮੰਗ ਕਰਦਿਆਂ

ਤਰਕਸੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਜੁਝਾਰ ਲੌਂਗੋਵਾਲ ,ਮੁੱਖ ਸੰਪਾਦਕ ਸੂਬਾ ਆਗੂ ਮਾ.ਬਲਵੀਰ ਲੌਂਗੋਵਾਲ ,ਇਕਾਈ ਮੁਖੀ ਕਮਲਜੀਤ ਵਿੱਕੀ ਨੇ ਕਿਹਾ ਹੈ ਇਕ ਪਾਸੇ ਜਿੱਥੇ ਇਹ ਜੋਤਿਸ ਭਾਰਤ ਦੇ ਸੰਵਿਧਾਨ ਦੀਆਂ ਧੱਜੀਆਂ ਉਡਾ ਰਹੇ ਹਨ ਉਥੇ ਬਾਲ ਮਨਾਂ ਤੇ ਮਾੜਾ ਅਸਰ ਪਾਕੇ ਵਿਗਿਆਨਕ ਵਿਚਾਰਧਾਰਾ ਤੋਂ ਦੂਰ ਲਿਜਾ ਰਹੇ ਹਨ ।ਜੋ ਕਿ ਕਿਸੇ ਵੀ ਹਾਲਤ ਵਿੱਚ ਸਹਿਣ ਨਹੀ ਕੀਤਾ ਜਾਵੇਗਾ। ਤਰਕਸੀਲ ਆਗੂਆਂ ਨੇ ਕਿਹਾ ਕਿ ਅੱਜ ਜਦੋਂ ਹਰ ਪਾਸੇ ਸਾਇੰਸ ਦੀਆਂ ਕਾਢਾਂ ਦਾ ਬੋਲਬਾਲਾ ਹੈ, ਵਿਗਿਆਨ ਦੀ ਵਰਤੋਂ ਕਰਦਿਆਂ ਹੀ ਇਹ ਤਾਂਤਰਿਕ ਜੋਤਸੀ ਆਪਣੀ ਝੂਠ ਦੀ ਦੁਕਾਨ ਚਲਾਉਦੇ ਹਨ ਤੇ ਆਮ ਲੋਕਾਂ ਦੀ ਲੁੱਟ ਕਰਦੇ ਹਨ। ਤਰਕਸੀਲ ਆਗੂਆਂ ਨੇ ਦਾਅਵਾ ਕੀਤਾ ਜੋਤਿਸ ਇਕ ਲੁੱਟ ਦਾ ਧੰਦਾ ਹੈ ਅਸਲ ਵਿੱਚ ਇਹ ਕੋਈ ਵਿੱਦਿਆ ਹੀ ਨਹੀ ਹੈ ।ਇਸ ਮੌਕੇ ਬੀਰਬਲ ਸਿੰਘ ਅਤੇ ਗੁਰਜੀਤ ਸਿੰਘ ਵੀ ਮੌਜੂਦ ਸਨ।

ਵੱਖ-ਵੱਖ ਕੈਟਾਗਰੀਆਂ ਦੀ ਰਿਜਰਵੇਸ਼ਨ ਪਾਲਿਸੀ ਤਹਿਤ ਪ੍ਰਿੰਸੀਪਲਾਂ ਦੀਆਂ ਪਦ-ਉਨਤੀਆਂ ਤੁਰੰਤ ਕਰੇ ਸਰਕਾਰ: ਡੀ.ਟੀ.ਐੱਫ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 11 ਨਵੰਬਰ :

ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਲੈਕਚਰਾਰਾਂ ਦੀ ਸੀਨੀਆਰਤਾ ਸੂਚੀ ਨੂੰ ਰੋਸਟਰ ਰਜਿਸਟਰ ਪਾਲਸੀ ਅਨੁਸਾਰ ਵੱਖ - ਵੱਖ ਕੈਟਾਗਰੀਆਂ ਨੂੰ ਕੋਟੇ ਦਾ ਬਣਦਾ ਲਾਭ ਦੇਣ ਲਈ ਸਮੇਂ ਸਿਰ ਦਰੁਸਤ ਨਹੀਂ ਕੀਤਾ । ਇਸ ਘਚੋਲੇ ਕਾਰਨ ਸਕੂਲਾਂ ਵਿੱਚ 500 ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ (ਕੁੱਲ ਪ੍ਰਿੰਸੀਪਲਾਂ ਦੀ ਗਿਣਤੀ ਅਨੁਸਾਰ 33%) ਹੋਣ ਦੇ ਬਾਵਜੂਦ ਵੀ ਪਦ-ਉਨਤੀਆਂ ਨਹੀਂ ਕੀਤੀਆਂ ਜਾ ਰਹੀਆਂ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡੈਮੋਕ੍ਰੇਟਿਕ ਟੀਚਰਜ ਫਰੰਟ ਸੰਗਰੂਰ ਦੇ ਪ੍ਰਧਾਨ ਬਲਵੀਰ ਲੌਂਗੋਵਾਲ, ਸਕੱਤਰ ਹਰਭਗਵਾਨ ਗੁਰਨੇ, ਸੀਨੀਅਰ ਮੀਤ ਪ੍ਰਧਾਨ ਦਾਤਾ ਸਿੰਘ ਨਮੋਲ ਅਤੇ ਮੀਤ ਪ੍ਰਧਾਨ ਪਰਵਿੰਦਰ ਉਭਾਵਾਲ ਨੇ ਕੀਤਾ। ਪ੍ਰੈਸ ਦੇ ਨਾਂ ਜਾਰੀ ਕੀਤੇ ਇੱਕ ਸਾਂਝੇ ਬਿਆਨ ਵਿੱਚ ਉਹਨਾਂ ਦੱਸਿਆ ਕਿ ਫੀਲਡ ਵਿੱਚੋਂ ਮਿਲੀ ਜਾਣਕਾਰੀ ਅਨੁਸਾਰ ਐੱਸ.ਸੀ. ਤੇ ਬੀ.ਸੀ. ਅਧਿਆਪਕ ਯੂਨੀਅਨ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਸਰਕਾਰ ਦੀ ਇਸ ਲਾਪਰਵਾਹੀ ਕਾਰਨ ਐੱਸ.ਸੀ. ਤੇ ਬੀ.ਸੀ. ਵਰਗ ਦੇ

ਲੈਕਚਰਾਰਾਂ ਨੂੰ ਪਦਉੱਨਤੀ ਸਮੇਂ ਰਿਜਰਵੇਸਨ ਦਾ ਬਣਦਾ ਲਾਭ ਵੀ ਨਹੀਂ ਮਿਲਿਆ ਜਿਸ ਦੇ ਸਿੱਟੇ ਵਜੋਂ ਇਹਨਾਂ ਕੈਟਾਗਰੀਆਂ ਦੇ 1993 ਵਿੱਚ ਨਿਯੁਕਤ ਹੋਏ ਲੈਕਚਰਾਰ 20 - 25 ਸਾਲ ਤੋਂ ਇਸ ਪੋਸਟ 'ਤੇ ਕੰਮ ਕਰਨ ਦੇ ਬਾਵਜੂਦ ਹਾਲੇ ਤੱਕ ਵੀ ਪ੍ਰਿੰਸੀਪਲ ਵਜੋਂ ਪਦ-ਉਨਤ ਨਹੀਂ ਹੋ ਸਕੇ। ਇਸ ਤਰ੍ਹਾਂ ਹੀ ਮਾਸਟਰ ਕਾਡਰ ਤੋਂ ਹੈੱਡ ਮਾਸਟਰਾਂ ਦੀਆਂ ਪਦ - ਉਨਤੀਆਂ ਦੀ ਹਾਲਤ ਹੈ। ਹਾਈ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਹੈੱਡ ਮਾਸਟਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਵੱਖ ਵੱਖ ਜਥੇਬੰਦੀਆਂ ਲਗਾਤਾਰ ਸਰਕਾਰ ਤੋਂ ਮੰਗ ਵੀ ਕਰ ਰਹੀਆਂ ਹਨ ਕਿ ਪਦ - ਉਨਤੀਆਂ ਤੁਰੰਤ ਕੀਤੀਆਂ ਜਾਣ ਪਰ ਸਰਕਾਰ ਨੇ ਸੀਨੀਆਰਤਾ ਸੂਚੀ ਦੇ ਬਖੇੜੇ ਦਾ ਹੱਲ ਨਹੀਂ ਕੀਤਾ ਜਿਸ ਦੇ ਸਿੱਟੇ ਵਜੋਂ ਬਹੁਤ ਸਾਰੇ ਸਕੂਲ ਮੁਖੀਆਂ ਤੋਂ ਸੱਖਣੇ ਪਏ ਹਨ। ਸਿੱਖਿਆ ਤੇ ਸਿਹਤ ਖੇਤਰਾਂ 'ਚ ਇਨਕਲਾਬੀ ਬਦਲਾਓ ਲਿਆਉਣ ਦਾ ਨਾਹਰਾ ਮਾਰ ਕੇ ਸੱਤਾ ਵਿੱਚ ਆਉਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਦੂਸਰੀਆਂ ਵੋਟ ਬਟੋਰੂ ਪਾਰਟੀਆਂ ਵਾਂਗ ਲਾਰਿਆਂ ਨਾਲ਼ ਡੰਗ ਟਪਾਉਂਦੀ ਨਜਰ ਆ ਰਹੀ ਹੈ। ਆਗੂਆਂ ਨੇ ਆਖਿਆ ਕਿ ਸਰਕਾਰ ਜਾਣ ਬੁੱਝ ਸੀਨੀਅਰਤਾ ਸੂਚੀ ਦਾ ਘਚੋਲਾ ਖੜਾ ਕਰਕੇ ਵੱਖ-ਵੱਖ ਵਰਗਾਂ ਨੂੰ ਲੜਾ ਰਹੀ ਹੈ ਤੇ ਨਵੀਂ ਸਿੱਖਿਆ ਨੀਤੀ 2020 ਅਨੁਸਾਰ ਸਰਕਾਰੀ ਸਿੱਖਿਆ ਨੂੰ ਲੀਹੋਂ ਲਾਹ ਕੇ ਨਿੱਜੀਕਰਨ ਦੇ ਰਾਹ ਤੋਰ ਰਹੀ ਹੈ। ਜਥੇਬੰਦੀ ਸਰਕਾਰ ਦੀਆਂ ਇਹਨਾਂ ਸਿੱਖਿਆ ਵਿਰੋਧੀ ਨੀਤੀਆਂ ਦਾ ਸਖਤ ਵਿਰੋਧ ਕਰਦੀ ਹੈ। ਉਹਨਾਂ ਨੇ ਸਾਰੀਆਂ ਅਧਿਆਪਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਆਪਸੀ ਛੋਟੇ - ਮੋਟੇ ਮਤਭੇਦਾਂ ਨੂੰ ਹੱਲ ਕਰਦੇ ਹੋਏ ਇੱਕਜੁੱਟ ਹੋ ਕੇ ਸਰਕਾਰ ਦੀਆਂ ਸਿੱਖਿਆ ਮਾਰੂ ਨੀਤੀਆਂ ਵਿਰੁੱਧ ਸ਼ੰਘਰਸ ਦੇ ਮੈਦਾਨ ਮੱਲਣ।

ਥਾਣਾ ਗੋਇੰਦਵਾਲ ਸਾਹਿਬ ਦੀ ਪੁਲਿਸ ਵੱਲੋਂ 225 ਗ੍ਰਾਮ ਹੈਰੋਇਨ ਸਮੇਤ ਨਸ਼ਾ ਤਸਕਰ ਕਾਬੂ

ਆਜ਼ਾਦ ਸੋਚ, ਸ਼ੇਰੂ ਮਹਾਜਨ, ਸ੍ਰੀ ਗੋਇੰਦਵਾਲ ਸਾਹਿਬ, 11 ਨਵੰਬਰ :

ਪੁਲਿਸ ਜਿਲ੍ਹਾ ਤਰਨ ਤਾਰਨ ਦੇ ਐਸ ਐਸ ਪੀ ਰਣਜੀਤ ਸਿੰਘ ਢਿੱਲੋਂ ਵੱਲੋਂ ਵਿੱਢੀ ਨਸ਼ਾ ਵਿਰੋਧੀ ਮੁਹਿੰਮ ਨੂੰ ਉਸ ਵੇਲੇ ਭਾਰੀ ਸਫਲਤਾ ਹਾਸਲ ਹੋਈ ਜਦੋਂ ਗੋਇੰਦਵਾਲ ਸਾਹਿਬ ਦੇ ਡੀ ਐਸ ਪੀ ਅਰੁਣ ਸ਼ਰਮਾਂ ਦੀ ਨਿਗਰਾਨੀ ਅਤੇ ਥਾਣਾ ਗੋਇੰਦਵਾਲ ਸਾਹਿਬ ਦੇ ਮੁਖੀ ਰਜਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਨੇ ਇਲਾਕੇ ਅੰਦਰ ਇੱਕ ਨਸ਼ਾ ਤਸਕਰ ਨੂੰ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਗੋਇੰਦਵਾਲ ਸਾਹਿਬ ਦੇ ਮੁਖੀ ਰਜਿੰਦਰ ਸਿੰਘ ਨੇ ਦੱਸਿਆ ਕਿ ਏ ਐਸ ਆਈ ਜਸਪਾਲ ਸਿੰਘ ਸਮੇਤ ਪੁਲਿਸ ਪਾਰਟੀ ਦੌਰਾਨੇ ਗਸਤ ਪੁਲਿਸ ਚੌਕੀ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਰੋਡ ਨੂੰ ਜਾ ਰਹੇ ਸੀ ਤਾਂ ਨਹਿਰ ਪੁਲ ਦੇ ਨਜਦੀਕ ਇੱਕ ਮੋਨਾ ਨੌਜਵਾਨ ਸਾਹਮਣੇ ਤੋਂ ਪਲੇਟੀਨਾ ਮੋਟਰਸਾਈਕਲ ਨੰਬਰ 461124 ਤੇ ਆਉਂਦਾ ਦਿਖਾਈ ਦਿੱਤਾ ਜਿਸਨੂੰ ਪੁਲਿਸ ਪਾਰਟੀ ਨੇ ਸ਼ੱਕ ਦੀ ਬਿਨ੍ਹਾ ਤੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਹ ਯਕਦਮ ਮੋਟਰ ਸਾਈਕਲ ਪਿੱਛੇ ਨੂੰ ਮੋੜ ਕੇ ਭੱਜਣ ਲੱਗਾ ਤੇ ਮੋਟਰ ਸਾਈਕਲ ਸਲਿਪ ਹੋਣ ਕਾਰਨ ਡਿੱਗ ਗਿਆ। ਉਕਤ ਨੌਜਵਾਨ ਨੇ ਉਠਦਿਆਂ ਸਾਰ ਹੀ ਆਪਣੀ ਜੇਬ ਵਿੱਚੋਂ ਇੱਕ ਵਜਨਦਾਰ ਮੋਮੀ ਲਿਫਾਫਾ ਸੜਕ ਕਿਨਾਰੇ ਘਾਹ ਵਿਚ ਸੁੱਟ ਦਿੱਤਾ ਜਿਸਨੂੰ ਪੁਲਿਸ ਪਾਰਟੀ ਨੇ ਬੜੀ ਮੁਸ਼ਤੈਦੀ ਨਾਲ ਕਾਬੂ ਕਰ ਲਿਆ। ਗ੍ਰਿਫਤਾਰ ਕੀਤੇ ਗਏ ਵਿਅਕਤੀ ਦੀ ਮਨਦੀਪ ਸਿੰਘ ਉਰਫ ਘੋਗੜ ਪੁੱਤਰ ਨਿਰਭੈਲ ਸਿੰਘ ਵਾਸੀ ਪਿੰਡ ਘਸੀਟਪੁਰ ਵਜੋਂ ਹੋਈ ਹੈ। ਉਹਨਾਂ ਦੱਸਿਆ ਗ੍ਰਿਫਤਾਰ ਕੀਤੇ ਗਏ ਵਿਅਕਤੀ ਕੋਲੋਂ ਬਰਾਮਦ ਮੋਮੀ ਲਿਫਾਫੇ ਬਾਰੇ ਸਖਤੀ ਨਾਲ ਪੁੱਛਗਿੱਛ ਕਰਨ ਤੇ ਉਸਨੇ ਕਬੂਲਿਆ ਕਿ ਲਿਫਾਫੇ ਵਿੱਚ ਮੌਜੂਦ ਪਾਊਡਰ ਹੈਰੋਇਨ ਹੈ। ਪੁਲਿਸ ਪਾਰਟੀ ਵੱਲੋਂ 255 ਗ੍ਰਾਮ ਹੈਰੋਇਨ ਅਤੇ ਮੋਟਰਸਾਈਕਲ ਕਬਜੇ ਵਿਚ ਲੈ ਕੇ ਥਾਣਾ ਗੋਇੰਦਵਾਲ ਸਾਹਿਬ ਵਿਖੇ ਮੁਕੱਦਮਾ ਨੰਬਰ 425 ਧਾਰਾ 21ਬੀ/61/85 ਐਨ ਡੀ ਪੀ ਐਸ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਅਵਤਾਰ ਢਿੱਲੋਂ ਕੈਬਨਿਟ ਮੰਤਰੀ ਭੁੱਲਰ ਦੇ ਮੀਡੀਆ ਇੰਚਾਰਜ ਨਿਯੁਕਤ

ਆਜ਼ਾਦ ਸੋਚ, ਵਿਸਾਲ ਕਟਾਰੀਆ, ਨਿਰਮਲ ਸਿੰਘ ਤਰਨਤਾਰਨ, 11 ਨਵੰਬਰ :

ਵਿਧਾਨ ਸਭਾ ਹਲਕਾ ਪੱਟੀ ਤੋਂ ਹਲਕਾ ਵਿਧਾਇਕ ਤੇ ਟਰਾਂਸਪੋਰਟ ਮੰਤਰੀ ਸ੍ਰ ਲਾਲਜੀਤ ਸਿੰਘ ਭੁੱਲਰ ਵੱਲੋਂ ਪੱਟੀ ਤੋਂ ਸੀਨੀਅ